ਪੱਤਾ ਪੱਤਾ ਹੋ ਗਿਆ ਸਿੰਘਾਂ ਦਾ ਵੈਰੀ

ਪੱਤਾ ਪੱਤਾ ਹੋ ਗਿਆ ਸਿੰਘਾਂ ਦਾ ਵੈਰੀ
ਹੁੰਦੀ ਬੇਅਦਬੀ ਵੇਖ ਕੇ ਨਾ ਲਾਈਆਂ ਦੇਰਾਂ
ਖੂਨ ਸਿੰਘਾਂ ਦਾ ਪੀ ਗਈ ਅਪ੍ਰੈਲ ਦੀ ਤੇਰਾਂ
੭੮ ਸਾਕੇ ਝੁੱਲ ਗਏ ਬਣ ਝੱਖੜ ਕਹਿਰੀ
ਪੱਤਾ ਪੱਤਾ.. .. ..

ਲਾਲ ਗੁਰੂ ਦਸਮੇਸ਼ ਦੇ, ਕਰ ਗਏ ਕੁਰਬਾਨੀ
ਸਿੰਘਾਂ ਪਾਈ ਸ਼ਹੀਦੀ ਹੱਸਕੇ ਨਾ ਕੋਈ ਸਾਨੀ
ਨਰਕਧਾਰੀ ਡੰਗ ਮਾਰ ਗਏ ਬਣ ਫਨੀਅਰ ਜ਼ਹਿਰੀ
ਪੱਤਾ ਪੱਤਾ.. .. ..

ਸੰਤਾਂ ਭਿੰਡਰਾਂਵਾਲਿਆਂ ਉਦੋਂ ਕਸਮ ਸੀ ਖਾਧੀ
ਨਹੀਂ ਰਹਿਣਾ ਵਾਂਗ ਗੁਲਾਮਾਂ ਦੇ, ਲੈਣੀ ਆਜ਼ਾਦੀ
ਹੋ ਜਾਉ ਇਕ ਮੁੱਠ ਖਾਲਸਾ ਸਭ ਪੇਂਡੂ-ਸ਼ਹਿਰੀ
ਪੱਤਾ ਪੱਤਾ.. .. ..

ਖੂਨ ਸਿੰਘਾਂ ਦਾ ਜਾਣ ਲਿਆ ਪਾਣੀ ਤੋਂ ਸਸਤਾ
ਹੱਕਾਂ ਲਈ ਅਸੀਂ ਲੜਾਂਗੇ ਹੁਣ ਇਕੋ ਈ ਰਸਤਾ
ਪਰਖਣ ਲਈ ਜਜ਼ਬਾ ਕੌਮ ਦਾ, ਚੱਲੀ ਚਾਲ ਇਹ ਗਹਿਰੀ
ਪੱਤਾ ਪੱਤਾ.. .. ..

ਚੰਦੋ ਕਲਾਂ ਵਿਚ ਦੋਖੀਆਂ, ਸਾਡੀ ਅਣਖ ਵੰਗਾਰੀ
ਕਰਕੇ ਬੇਅਦਬੀ 'ਇਸ਼ਟ' ਦੀ ਫੇਰੀ ਸੀਨੇ ਆਰੀ
ਜ਼ੁਲਮ ਦੀ ਸਿਰ ਤੇ ਕੜਕਦੀ, ਅੱਜ ਧੁੱਪ ਦੁਪਹਿਰੀ
ਪੱਤਾ ਪੱਤਾ.. .. ..

ਕੀਤਾ ਹਮਲਾ ਤਖਤ ਅਕਾਲ ਤੇ ਖੇਡੀ ਖੂਨ ਨਾ ਹੋਲ਼ੀ
ਵਿਚ ਪ੍ਰਕਰਮਾ ਨੱਚਦੀ ਗੰਗੂਆਂ ਦੀ ਟੋਲੀ
ਸੁਖਦੀਪ ਸਿਆਂ ਕੌਮੀ ਦਰਦ ਨੂੰ ਨਾ ਸਮਝੀਂ ਸ਼ਾਇਰੀ
ਪੱਤਾ ਪੱਤਾ.. .. ..

ਚੱਕ ਲਏ ਹਥਿਆਰ ਯੋਧਿਆਂ

ਚੱਕ ਲਏ ਹਥਿਆਰ ਯੋਧਿਆਂ
ਧਰਮ ਕਮਾਉਣ ਲਈ
ਚੱਕ ਲਏ ਹਥਿਆਰ ਯੋਧਿਆਂ

ਤਖਤ ਅਕਾਲ ਨੂੰ ਢਾਹ ਕੇ, ਸੀਨੇ ਸਾਡੇ ਸਾੜ ਦਿੱਤੇ
ਰਿਹਾ ਨਾ ਕੋਈ ਪੱਜ ਜਿਊਣ ਦਾ ਜਿਊਂਦੇ ਹੀ ਮਾਰ ਦਿੱਤੇ
ਹਿੰਦ ਦੇ ਅਸੀਂ ਨਾਲ ਰਹਿਣ ਦੇ, ਵਰਕੇ ਹੀ ਪਾੜ ਦਿੱਤੇ
ਹੋ ਜਾਉ ਹੁਣ ਤਿਆਰ ਖਾਲਸਾ, ਇਤਿਹਾਸ ਦੁਹਰਾਉਣ ਲਈ
ਚੱਕ ਲਏ ਹਥਿਆਰ.. .. ..

ਸਦੀਆਂ ਤੱਕ ਯਾਦ ਰਹੇਗਾ, ਪਿਆਰ ਸਾਨੂੰ ਦਿੱਲੀ ਸ਼ਹਿਰ ਦਾ
ਭੁੱਲਣਾ ਨਹੀਂ ਸਾਲ ਚੁਰਾਸੀ, ਮਹੀਨਾ ਨਵੰਬਰ ਕਹਿਰ ਦਾ
ਨੇਤਾ ਵੀ ਯਾਦ ਰੱਖਾਂਗੇ, ਵਾਰਸ ਜੋ ਡਾਇਰ ਦਾ
ਸੋਧੋ ਅਰਦਾਸੇ ਸਿੰਘੋ, ਇੱਜ਼ਤਾਂ ਬਚਾਉਣ ਲਈ
ਚੱਕ ਲਏ ਹਥਿਆਰ.. .. ..

ਗੱਦਾਰਾਂ ਸਮਝੌਤੇ ਕਰ ਲਏ ਭੁੱਲੇ ਇਕਰਾਰਾਂ ਨੂੰ
ਕੁਰਸੀ ਨਾਲ ਪਿਆਰ ਪੈ ਗਿਆ, ਡੋਗਰਿਆਂ ਯਾਰਾਂ ਨੂੰ
ਇਕੱਲਿਆਂ ਜੰਗ ਲੜਨੀ ਪੈ ਗਈ ਸਿੰਘਾਂ ਸਰਦਾਰਾਂ ਨੂੰ
ਬੰਨ੍ਹ ਲਏ ਸ਼ਹੀਦੀ ਗਾਨੇ, ਮੌਤ ਪਰਨਾਉਣ ਲਈ
ਚੱਕ ਲਏ ਹਥਿਆਰ.. .. . .

ਜਾਣਕੇ ਪੰਥ ਪਿਆਰਾ, ਛੱਡਿਆ ਪਰਿਵਾਰਾਂ ਨੂੰ
ਤੁਰ ਪਏ ਘਰ ਬਣਾਉਣ ਕੌਮ ਦਾ, ਛੱਡ ਕੇ ਘਰ ਬਾਰਾਂ ਨੂੰ
ਦੱਸਣ ਲਈ ਅਣਖ ਕੀ ਹੁੰਦੀ, ਜ਼ਾਲਮ ਸਰਕਾਰਾਂ ਨੂੰ
ਸੁਖਦੀਪ ਸਿੰਘਾਂ ਫੜ ਲਈ ਏ.ਕੇ. ਤਖਤ ਹਿਲਾਉਣ ਲਈ
ਚੱਕ ਲਏ ਹਥਿਆਰ ਯੋਧਿਆਂ
ਧਰਮ ਕਮਾਉਣ ਲਈ
ਚੱਕ ਲਏ ਹਥਿਆਰ ਯੋਧਿਆਂ.. .. .. ..

ਪੁਲਸੀਆ ਕਹਿਰ

ਰੋਲ਼ ਦਿਓ ਵਿਚ ਮਿੱਟੀ ਦੇ, ਕੇਸਰੀ ਦਸਤਾਰਾਂ ਨੂੰ
ਦਿਸਦੇ ਹੀ ਮਾਰੋ ਗੋਲੀ, ਸਿੰਘਾਂ ਸਰਦਾਰਾਂ ਨੂੰ
ਭਿੰਡਰਾਂਵਾਲੇ ਦੇ ਚੇਲੇ, ਬੜਾ ਪਛਤਾਉਣਗੇ
ਮੁਕਾਉਣੀ ਹੈ ਮਿਲੀਟੈਂਸੀ ਹੁਣ .. ..

ਪੁਲਸੀਓ ਪਾ ਲਉ ਚੋਲੇ, ਪਹਿਨੋਂ ਕ੍ਰਿਪਾਨਾਂ ਨੂੰ
ਲੁੱਟਣ ਦੀਆਂ ਦਿੱਤੀਆਂ ਖੁੱਲ੍ਹਾਂ, ਕੈਟਾਂ ਸ਼ੈਤਾਨਾਂ ਨੂੰ
ਪੂਹਲੇ ਜਿਹੇ ਜਾਲਮ ਟੋਲੇ, ਸੇਵਾ ਨਿਭਾਉਣਗੇ
ਹੁਕਮ ਇਹ ਦਿੱਲੀ ਤਖਤ ਦਾ.. .. ..

ਦਿੰਦੇ ਜੋ ਪਨਾਹ ਸਿੰਘਾਂ ਨੂੰ ਚੱਕ ਲਉ ਪਰਿਵਾਰਾਂ ਨੂੰ
ਬਣਦੇ ਨੇ ਦੇਸ਼ਧ੍ਰੋਹੀ, ਨਾ ਬਖਸ਼ੋ ਗੱਦਾਰਾਂ ਨੂੰ
ਲੱਗੂਗਾ ਨਾਮ ਸਿੰਘਾਂ ਦਾ, ਮੁਖ਼ਬਰ ਕਹਾਉਣਗੇ
ਮੁਕਾਉਣੀ ਹੈ ਮਿਲੀਟੈਂਸੀ ਹੁਣ .. ..

ਦਿਸੇ ਨਾ ਕੋਈ ਅੰਮ੍ਰਿਤਧਾਰੀ ਚੁਣ-ਚੁਣ ਕੇ ਮਾਰ ਦਿਓ
ਹੋ ਗਈ ਸੀ ਮੁਠਭੇੜ ਇਹ, ਖਬਰਾਂ ਅਖਬਾਰ ਦਿਓ
ਸਟਾਰ ਥੋਡੇ ਡੀ.ਜੀ.ਪੀ. ਜੀ, ਮੋਢਿਆਂ ’ਤੇ ਲਾਉਣਗੇ
ਹੁਕਮ ਇਹ ਦਿੱਲੀ ਤਖਤ ਦਾ.. .. ..

ਜੇ ਨਹੀਂ ਕੋਈ ਖਾੜਕੂ ਲੱਭਦਾ, ਚੱਕ ਲਉ ਬੇਦੋਸ਼ਾਂ ਨੂੰ
ਥਾਣੇ ਵਿਚ ਪੁੱਠੇ ਟੰਗ ਦਿਓ, ਮੁੰਡਿਆਂ ਨਿਰਦੋਸ਼ਾਂ ਨੂੰ
ਮਾਪੇ ਫਿਰੌਤੀਆਂ ਦੇ ਕੇ, ਆਪੇ ਛੁਡਵਾਉਣਗੇ
ਮੁਕਾਉਣੀ ਹੈ ਮਿਲੀਟੈਂਸੀ ਹੁਣ .. ..

੧੫ ਤੋਂ ੪੦ ਸਾਲ ਦਾ ਛੱਡਿਓ ਨਾ ਸਿੱਖ ਕੋਈ
ਖਤਰਾ ਐਸਾ ਪੇਸ਼ ਨਾ ਆਵੇ, ਨੇੜਲੇ ਭਵਿੱਖ ਕੋਈ
ਬਖਸ਼ੋ ਨਾ ਬੀਬੀਆਂ ਬੱਚੇ, ਨਸਲਾਂ ਵਧਾਉਣਗੇ
ਹੁਕਮ ਇਹ ਦਿੱਲੀ ਤਖ਼ਤ ਦਾ.. .. ..

ਪੁੱਛ-ਗਿਛ ਵਿਚ ਮਰਜੇ ਕੋਈ, ਭੋਰਾ ਨਾ ਝੋਰਾ ਕਰਿਓ
ਆਪੇ ਲਾਸ਼ਾਂ ਸਾਂਭ ਲਵਾਂਗੇ, ਗੱਲ ਕੋਈ ਚਿੱਤ ਤੇ ਨਾ ਧਰਿਓ
ਸੁਖਦੀਪ ਜੰਮੇ ਪਲੇ ਜੋ ਇਥੇ, ਲਵਾਰਿਸ਼ ਅਖਵਾਉਣਗੇ
ਮੁਕਾਉਣੀ ਹੈ ਮਿਲੀਟੈਂਸੀ ਹੁਣ .. ..

ਜਰਵਾਣੀ ਰੁੱਤ

ਇਹ ਤਾਂ ਰੁੱਤ ਜਰਵਾਣੀ ਹੈ ਲੋਕੋ ਹਲਕੇ ਫਿਰਨ ਸ਼ਿਕਾਰੀ

ਨਾਂ ਸੁਣ ਕੇ ਸੰਤਾਂ ਦਾ, ਜਿਹੜੇ ਸਹਿਮ ਨਾਲ ਮਰ ਜਾਂਦੇ
ਆਟੇ ਦੇ ਸ਼ੇਰ ਬਣੇ, ਅੱਜ ਉਹ ਸਾਨੂੰ ਖੂਬ ਡਰਾਂਦੇ
ਲੱਗੀ ਦੌੜ ਸਟਾਰਾਂ ਦੀ, ਬਣਗੀ ਸਾਡੀ ਜਾਨ ਨੂੰ ਭਾਰੀ
ਇਹ ਤਾਂ ਰੁੱਤ ਜਰਵਾਣੀ ਹੈ.. .. ..

ਅਸੀਂ ਲੜਦੇ ਹੱਕਾਂ ਲਈ, ਤਾਹੀਓ ਅਖਵਾਉਂਦੇ ਅੱਤਵਾਦੀ
ਰਹਿੰਦੇ ਵਾਂਗ ਗੁਲਾਮਾਂ ਦੇ, ਹੋਊਗੀ ਹੋਰਾਂ ਲਈ ਅਜ਼ਾਦੀ
ਗੰਗੂ ਦਿਆਂ ਵਾਰਸਾਂ ਨੇ, ਛੁਰੀ ਵਿਚ ਪਿੱਠ ਦੇ ਮਾਰੀ
ਇਹ ਤਾਂ ਰੁੱਤ.. .. ..

ਗੱਭਰੂ ਹਜ਼ਾਰਾਂ ਹੀ ਇਥੇ ਲਵਾਰਿਸ਼ ਕਹਿ ਕੇ ਸਾੜੇ
ਲੱਭੀਆਂ ਨਾ ਲਾਸ਼ਾਂ ਕਈ ਨਾਲ ਤਸ਼ੱਦਦ ਕੋਹ-ਕੋਹ ਮਾਰੇ
ਸਾਡੀ ਹਿੱਕ ਤੇ ਬਲਣ ਸਿਵੇ, ਘੁੰਮਦੇ ਨੇ ਕਾਤਿਲ ਸਰਕਾਰੀ
ਇਹ ਤਾਂ ਰੁੱਤ ਜਰਵਾਣੀ.. .. ..

ਨੰਗੀ ਨੱਚੇ ਮੌਤ ਇਥੇ, ਜਮਾਂ ਨੇ ਖਾਖੀ ਰੂਪ ਵਟਾਇਆ
ਸਹਾਰਾ ਕਿਸੇ ਬੁਢਾਪੇ ਦਾ, ਘਰੋਂ ਗਿਆ ਨਾ ਮੁੜਕੇ ਆਇਆ
ਭੈਣਾਂ ਲੱਭਦੀਆਂ ਵੀਰਾਂ ਨੂੰ, ਕਿਤੇ ਰਾਹ ਤੱਕਦੀ ਚੂੜੇ ਵਾਲੀ
ਇਹ ਤਾਂ ਰੁੱਤ.. .. ..

ਜਾ ਕੇ ਵਿਚ ਸਮਸ਼ਾਨਾ ਦੇ, ਕੀਤੀਆਂ ਅਸੀਂ ਘੋਖ ਪੜਤਾਲਾਂ
ਮਨਆਈਆਂ ਕਰਦੇ ਰਹੇ, ਦੇਣਾ ਪਊ ਜਵਾਬ ਚੰਡਾਲਾਂ
ਲੜਾਂਗੇ ਕੇਸ ਸੁਖਦੀਪ ਸਿੰਘਾ, ਖਾਲੜੇ ਮਨ ਵਿਚ ਪੱਕੀ ਧਾਰੀ
ਇਹ ਤਾਂ ਰੁੱਤ ਜਰਵਾਣੀ ਹੈ.. .. ..

ਰੱਤੋ-ਰੱਤ ਪੰਜਾਬ

ਖਾਖੀ ਵਰਦੀ ਵਾਲਿਆਂ ਘਰ-ਘਰ ਲਾਂਬੂ ਲਾ ਦਿੱਤੇ
ਸਿੰਘ ਦਸਮੇਸ਼ ਪਿਤਾ ਦੇ ਚੁਣ-ਚੁਣ ਮਾਰ ਮੁਕਾਏ

.. .. ..ਹੱਥ ਬੰਨ੍ਹ ਸਾਡਾ ਕਹਿਣਾ ਹੈ, ਚੁੱਪ ਕਰਕੇ ਸੰਗਤ ਵਿਚ ਬਹਿਣਾ ਹੈ
ਜੇ ਰਸ ਕਵਿਤਾ ਦਾ ਲੈਣਾ ਹੈ.. .. ਸਭ ਸੰਗਤ ਕਹਿ ਦਿਉ ਵਾਹਿਗੁਰੂ......

ਖਾਖੀ ਵਰਦੀ ਵਾਲਿਆਂ ਘਰ-ਘਰ ਲਾਂਬੂ ਲਾ ਦਿੱਤੇ
ਸਿੰਘ ਦਸਮੇਸ਼ ਪਿਤਾ ਦੇ, ਚੁਣ-ਚੁਣ ਮਾਰ ਮੁਕਾਏ

ਰੋਹੀਆਂ ਬੇਲਿਆਂ ਦੇ ਵਿਚ, ਘੇਰ ਲਏ ਪੁੱਤ ਮਾਵਾਂ ਦੇ
ਤੁਰ ਗਏ ਚੜ੍ਹਦੀ ਉਮਰੇ ਕੀ ਦੁਨੀਆਂ ਤੇ ਆਏ

ਗੱਭਰੂ ਅੰਮ੍ਰਿਤਧਾਰੀ, ਅੱਤਵਾਦੀ ਹੀ ਦਿਸਦੇ ਸੀ
ਚੱਕ-ਚੱਕ ਕਾਲਜਾਂ ਵਿਚੋਂ, ਪੁਲਿਸ ਮੁਕਾਬਲੇ ਬਣਾਏ

ਹਿੰਦ ਦੇ ਪਾਲਤੂਆਂ ਲਈ, ਰੁੱਤ ਸੀ ਪੈਸੇ ਕਮਾਉਣ ਦੀ
ਫੜਕੇ ਨਿਰਦੋਸ਼ੇ ਹੀ, ਥਾਣਿਆਂ ਵਿਚ ਲਟਕਾਏ

ਛੁੱਟ ਗਏ ਅਮੀਰ ਘਰਾਂ ਦੇ, ਦੇ ਕੇ ਕੀਮਤ ਜਾਨ ਦੀ
ਜਿਹੜੇ ਬਚ ਗਏ ਓਹੀ, ਅੱਤਵਾਦੀ ਅਖਵਾਏ

ਅਸੀਂ ਖੁਦ ਜਾ ਕੇ ਵੇਖਿਆ ਵਿਚ ਕਈ ਸ਼ਮਸਾਨਾਂ ਦੇ
ਮਾਨੋਚਾਹਲ ਵਰਗੇ, ਲਾਵਾਰਿਸ਼ ਮਾਂ ਦੇ ਜਾਏ

ਮਾਝੇ ਵਿਚ ਨਾ ਕੋਈ, ਮੁੱਛ-ਫੁੱਟ ਗੱਭਰੂ ਲੱਭਦਾ ਹੈ
ਐਸੇ ਗਿੱਲ-ਬੇਅੰਤੇ, ਰਲ਼-ਮਿਲ ਕਹਿਰ ਕਮਾਏ

ਅਜ਼ਾਦੀ ਲੈਣ ਲਈ, ਵਧ-ਵਧ ਕੁਰਬਾਨੀਆਂ ਕੀਤੀਆਂ ਸੀ
ਚੰਗੀ ਸੀ ਗੁਲਾਮੀ, ਗਲਾਂ 'ਚ ਟਾਇਰ ਪੁਆਏ

ਕਹਿਣ ਅਦਾਲਤਾਂ ਸਾਨੂੰ, ਹੱਕ ਨਹੀਂ ਕੇਸ ਕਰਨ ਦਾ
ਇਨਸਾਫ਼ ਦੀ ਆਸ ਨਾ ਕੋਈ, ਵਾੜ ਖੇਤ ਨੂੰ ਖਾਏ

ਵਾਜਾਂ ਵਾਲਿਆਂ ਤੇਰੇ ਬਾਜ਼ ਘੇਰ ਲਏ ਕਾਵਾਂ ਨੇ
'ਦੀਪ' ਨੂੰ ਦੱਸ ਸ਼ਹਿਨਸ਼ਾਹ ਕੀ ਭਾਣੇ ਵਰਤਾਏ.. .. .. ..

ਨਗਮਾ ਏ ਪੁਰ ਦਰਦ ਛੇੜਾ ਮੈਨੇ ਇਸ ਅੰਦਾਜ਼ ਸੇ
ਕਿ ਖ਼ੁਦ ਬ ਖ਼ੁਦ ਨਜ਼ਰ ਪੜਨੇ ਲਗੀ ਮੁਝ ਪੇ ਸੱਯਾਦ ਕੀ

ਅਮਰ ਸ਼ਹੀਦ ਸ. ਜਸਵੰਤ ਸਿੰਘ ਖਾਲੜਾ
ਇਨਸਾਫ਼ ਦੀ ਭਾਲ 'ਚ

ਮੈਨੂੰ ਧਮਕੀਆਂ ਮਿਲਦੀਆਂ ਕਾਤਲਾਂ ਤੋਂ
ਸਾਡੇ ਜ਼ੋਰ ਦਾ ਤੈਨੂੰ ਅਹਿਸਾਸ ਕੋਈ ਨਾ
ਚੁੱਪ ਕਰਕੇ ਤੂੰ ਆਪਣੇ ਘਰ ਬਹਿ ਜਾ
ਤੁਹਾਡੇ ਕਰਮਾਂ 'ਚ ਇਥੇ ਇਨਸਾਫ਼ ਕੋਈ ਨਾ
ਪੱਚੀ ਹਜ਼ਾਰ ਜੇ ਪਹਿਲਾਂ ਕਤਲ ਹੋ ਸਕਦੇ
ਗੱਲ ਤੂੰ ਵੀ ਸਾਡੇ ਲਈ ਖਾਸ ਕੋਈ ਨਾ
'ਸੁਖਦੀਪ ਸਿੰਘਾ' ਓਏ ਫਾਈਲ ਤੂੰ ਅੱਗ ਲਾ ਦੇ
ਨਹੀਂ ਤੇਰੀ ਵੀ ਲੱਭਣੀ ਲਾਸ਼ ਕੋਈ ਨਾ
ਜੀਹਦੀਆਂ ਅੱਖਾਂ 'ਚ ਜਿੱਤ ਦੀ ਚਮਕ ਦੀਂਹਦੀ
ਕਹਿੰਦਾ ਸੀ ਮਿਲੂਗਾ ਸਾਨੂੰ ਇਨਸਾਫ਼ ਇਥੇ
ਅਸੀਂ ਲੱਭਦੇ ਉਸ ਫਰਿਸ਼ਤੇ ਨੂੰ
ਜਿਹੜਾ ਦਿੰਦਾ ਸੀ ਸਾਨੂੰ ਧਰਵਾਸ ਇਥੇ
ਜਿਹੜਾ ਗਿਆ ਸੀ ਲੱਭਣ ਗੁਆਚਿਆਂ ਨੂੰ
ਗੁੰਮ ਹੋ ਗਈ ਉਹਦੀ ਵੀ ਲਾਸ਼ ਇਥੇ
6 ਸਤੰਬਰ ਨੂੰ ਓਏ 'ਸੁਖਦੀਪ ਸਿੰਘਾ'
ਲਾਪਤਾ ਹੋ ਗਿਆ ਸੀ 'ਖਾਲੜਾ' ਆਪ ਇਥੇ